International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2022; 4(1): 102-109
Received: 09-02-2022
Accepted: 13-03-2022

**ਗੁਰਪ੍ਰੀਤ ਸਿੰਘ**
ਯੂ.ਜੀ.ਸੀ. ਜੇ.ਆਰ.ਐਫ., ਪੰਜਾਬੀ ਵਿਭਾਗ, ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ, ਹਰਿਆਣਾ, ਭਾਰਤ

**Corresponding Author:**
**ਗੁਰਪ੍ਰੀਤ ਸਿੰਘ**
ਯੂ.ਜੀ.ਸੀ. ਜੇ.ਆਰ. ਐਫ., ਪੰਜਾਬੀ ਵਿਭਾਗ, ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ, ਹਰਿਆਣਾ, ਭਾਰਤ

# ਸਮਕਾਲੀ ਪੰਜਾਬੀ ਪਿਆਰ-ਕਾਵਿ: ਪ੍ਰਮੁੱਖ ਸਰੋਕਾਰ

**ਗੁਰਪ੍ਰੀਤ ਸਿੰਘ**

## ਜਾਣ-ਪਛਾਣ

ਪਿਆਰ ਇੱਕ ਅਜਿਹਾ ਸੰਕਲਪ ਹੈ ਜੋ ਵਿਭਿੰਨ ਅਨੁਸ਼ਾਸਨਾਂ ਵਿੱਚ ਇੱਕੋ ਸਮੇਂ ਦੇਖਣ ਨੂੰ ਮਿਲਦਾ ਹੈ। ਮਿਸਾਲ ਵੱਜੋਂ ਇਹ ਸੰਕਲਪ ਇੱਕੋ ਸਮੇਂ ਧਰਮ, ਸਾਹਿਤ, ਦਰਸ਼ਨ, ਨੈਤਿਕਤਾ, ਮਨੋਵਿਗਿਆਨ, ਲੋਕਧਾਰਾ ਅਤੇ ਅਧਿਆਤਮ ਆਦਿ ਦੇ ਅਨੁਸ਼ਾਸਨਾਂ ਵਿੱਚ ਪ੍ਰਾਪਤ ਹੁੰਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦੀ ਨਿਰੰਤਰਤਾ ਵਿੱਚ ਜੇਕਰ ਅਸੀਂ ਸਮਕਾਲੀ ਪੰਜਾਬੀ ਕਵਿਤਾ ਦੀ ਗੱਲ ਕਰੀਏ ਤਾਂ ਇਸ ਵਿੱਚ ਪਿਆਰ ਦੇ ਸੰਕਲਪ ਅਤੇ ਇਸਦੇ ਅਚਰਜ ਸਰੂਪ ਦਾ ਨਵਾਂ ਮੁਹਾਵਰਾ ਅਤੇ ਮੁਹਾਂਦਰਾ ਸਾਡੇ ਸਾਹਮਣੇ ਆਇਆ ਹੈ ਜਿਸ ਬਾਰੇ ਚਰਚਾ ਤਾਂ ਭਾਵੇਂ ਹੋਈ ਹੈ ਪਰ ਗੰਭੀਰ ਪੱਧਰ ’ਤੇ ਚਰਚਾ ਦਾ ਛੇੜਿਆ ਜਾਣਾ ਸ਼ਾਇਦ ਅਜੇ ਬਾਕੀ ਹੈ। ਬਾਬਾ ਫ਼ਰੀਦ ਤੋਂ ਆਰੰਭ ਹੋਈ ਪਿਆਰ ਸੁਰ ਵਾਲੀ ਕਵਿਤਾ ਗੁਰਮਤਿ-ਕਾਵਿ, ਕਿੱਸਾ-ਕਾਵਿ ਤੋਂ ਹੁੰਦੀ ਹੋਈ ਆਧੁਨਿਕ ਪੰਜਾਬੀ ਕਾਵਿ ਤੱਕ ਇਸਦੇ ਵਿਭਿੰਨ ਪਾਸਾਰ ਪਛਾਣੇ ਜਾ ਸਕਦੇ ਹਨ। ਇਸ ਪਿਆਰ ਸੰਕਲਪ ਦੀ ਕਦੇ ਆਦਰਸ਼ ਪਿਆਰ, ਕਦੇ ਅਫ਼ਲਾਤੂਨੀ, ਕਦੇ ਮਨੋਵਿਗਿਆਨੀ, ਕਦੇ ਕਾਮ ਬਿਰਤੀ ਆਦਿ ਪੱਖਾਂ ਤੋਂ ਕੁਝ ਕੁ ਚਰਚਾ ਹੁੰਦੀ ਰਹੀ ਹੈ। ਇਉਂ ਪੰਜਾਬੀ ਪਿਆਰ ਕਾਵਿ ਬਾਰੇ ਬਹੁਤ ਘੱਟ ਚਿੰਤਨ ਹੋਇਆ ਮਿਲਦਾ ਹੈ। ਸਾਡਾ ਇੱਥੇ ਮਕਸਦ ਸਮਕਾਲੀ ਪੰਜਾਬੀ ਕਾਵਿ ਵਿੱਚ ਪਿਆਰ ਦੇ ਸਰੂਪ ਨੂੰ ਸਪੱਸ਼ਟ ਕਰਦੇ ਹੋਏ ਪੰਜਾਬੀ ਦੇ ਕੁਝ ਪ੍ਰਮੁੱਖ ਸਮਕਾਲੀ ਕਵੀਆਂ ਦੁਆਰਾ ਰਚਿਤ ਪਿਆਰ ਕਾਵਿ ਦੇ ਵਿਭਿੰਨ ਪੱਖਾਂ ਬਾਰੇ ਵਿਚਾਰ ਕਰਨਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਸਮਕਾਲੀ ਪੰਜਾਬੀ ਕਵੀਆਂ ਦੀ ਕਵਿਤਾ ਵਿੱਚ ਪਿਆਰ ਪੁਰਾਣੇ ਕਵੀਆਂ ਨਾਲੋਂ ਹੋਰ ਗੂੜ੍ਹੇ ਤੇ ਨਵੇਂ ਰੂਪ ਵਿਚ ਅਤੇ ਵਧੇਰੇ ਸ਼ਿੱਦਤ ਨਾਲ ਉਸਰਿਆ ਨਜ਼ਰ ਆਉਂਦਾ ਹੈ।

ਦਰਅਸਲ ਪਿਆਰ ਇਕ ਅਜਿਹਾ ਸੰਕਲਪ ਹੈ ਜਿਸਦਾ ਸਬੰਧ ਕਿਸੇ ਬਾਹਰੀ ਅਵਸਥਾ ਨਾਲੋਂ ਅੰਦਰੂਨੀ ਅਵਸਥਾ ਨਾਲ ਵਧੇਰੇ ਹੈ। ਇਹ ਠੀਕ ਹੈ ਬਾਹਰੀ ਅਵਸਥਾ ਅੰਦਰੂਨੀ ਅਵਸਥਾ ਨੂੰ ਪ੍ਰਭਾਵਿਤ ਕਰ ਸਕਦੀ/ਕਰਦੀ ਹੈ। ਪਿਆਰ ਦੀ ਭਾਵਨਾ ਹੀ ਲੋਕਾਈ ਨੂੰ ਇਕ ਧਾਗੇ ਵਿੱਚ ਪਰੋ ਕੇ ਰੱਖਦੀ ਹੈ। ਪਿਆਰ ਨੂੰ ਸਮਝਣ-ਸਮਝਾਉਣ ਦੀ ਕੋਸ਼ਿਸ਼ ਕਰਨ ਵਾਲੇ ਵਿਸ਼ਵ ਭਰ ਦੇ ਵਿਦਵਾਨਾਂ, ਦਾਰਸ਼ਨਿਕਾਂ, ਮਨੋਵਿਗਿਆਨੀਆਂ ਅਤੇ ਗੁਰੂਆਂ-ਪੀਰਾਂ-ਫ਼ਕੀਰਾਂ ਨੇ ਆਪਣਾ ਯੋਗਦਾਨ ਪਾਇਆ ਹੈ ਤੇ ਪਿਆਰ ਨੂੰ ਆਪਣੇ-ਆਪਣੇ ਢੰਗ-ਤਰੀਕੇ ਨਾਲ ਪਰਿਭਾਸ਼ਿਤ ਵੀ ਕੀਤਾ ਹੈ ਪਰ ਸਾਨੂੰ ਇਹੋ ਜਿਹੀ ਕੋਈ ਪਰਿਭਾਸ਼ਾ ਨਹੀਂ ਮਿਲਦੀ ਜਿਸਨੂੰ ਅਸੀਂ ਠੋਸ ਪਰਿਭਾਸ਼ਾ ਮੰਨ ਸਕੀਏ। ਵਾਸਤਵਿਕ ਜੀਵਨ ਵਿੱਚ ਪਿਆਰ ਗੂੰਗੇ ਦੇ ਗੁੜ ਖਾਣ ਵਾਂਗ ਹੈ ਜੋ ਗੁੜ ਦਾ ਸੁਆਦ ਤਾਂ ਜਾਣਦਾ ਹੈ ਪਰ ਉਸ ਸੁਆਦ ਦੀ ਵਿਆਖਿਆ ਕਰਨ ਤੋਂ ਅਸਮਰੱਥ ਰਹਿ ਜਾਂਦਾ ਹੈ।

ਪਿਆਰ ਦੀ ਵਿਆਖਿਆ ਕਰਦਿਆਂ ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਇਹ ਇੱਕ ਅਹਿਸਾਸ ਹੈ ਅਤੇ ਪਿਆਰ ਵਿਭਿੰਨ ਭਾਵਨਾਵਾਂ ਦੇ ਮਿਲਣ ਨਾਲ ਪੈਦਾ ਹੁੰਦਾ ਹੈ। ਜਿਹੜਾ ਨਿੱਜੀ ਸੰਦਰਭ ਤੋਂ ਲੈ ਕੇ ਖੁਸ਼ੀ ਵੱਲ ਵਿਸਤਾਰਿਤ ਹੁੰਦਾ ਹੈ।

ਇਹ ਦਯਾ ਭਾਵਨਾ ਅਤੇ ਸਨੇਹ ਭਾਵਨਾ ਨੂੰ ਪ੍ਰਸਤੁਤ ਕਰਨ ਦਾ ਤਰੀਕਾ ਵੀ ਮੰਨਿਆ ਜਾ ਸਕਦਾ ਹੈ। ਪਿਆਰ ਮਨੁੱਖ ਦੀਆਂ ਅਨੇਕਾਂ ਭਾਵਾਂ ਵਿੱਚੋਂ ਇੱਕ ਭਾਵਨਾ ਹੈ। ਮਨੁੱਖੀ ਦਿਲ ਵਿੱਚ ਹਰ ਸਮੇਂ ਕੋਈ ਨਾ ਕੋਈ ਭਾਵ ਜਿਵੇਂ ਈਰਖਾ, ਦਵੇਸ਼, ਕ੍ਰੋਧ, ਵੈਰ, ਵਿਰੋਧ, ਕਾਮ ਆਦਿ ਸੁਲਗਦੀਆਂ ਰਹਿੰਦੀਆਂ ਹਨ ਪਰ ਫਿਰ ਵੀ ਮਨੁੱਖ ਦੇ ਅਸਤਿੱਤਵ ਦਾ ਮੁੱਖ ਕੇਂਦਰ ਪਿਆਰ ਹੈ। ਸਮਾਜ ਦੇ ਹਰ ਧਰਮ ਦਾ ਮੂਲ ਭਾਵ ਪਿਆਰ ਹੈ। ਇਸ ਵਿੱਚ ਚਾਹੇ ਉਹ ਬੁੱਧ ਦੀ ਦਇਆ ਹੋਵੇ ਜਾਂ ਮਹਾਂਵੀਰ ਦੀ ਅਹਿੰਸਾ ਜਾਂ ਈਸਾ ਮਸੀਹ ਤੇ ਸਿੱਖ ਗੁਰੂਆਂ ਦਾ ਦੱਸਿਆ ਮਾਰਗ, ਇਹਨਾਂ ਸਭ ਦੀ ਪ੍ਰਮੁੱਖ ਟੇਕ ਪਿਆਰ ਹੈ।

ਪਿਆਰ ਦੇ ਸਰੂਪ ਦੀ ਤਰ੍ਹਾਂ ਹੀ ਇਸਦੇ ਕੁੱਝ ਲੱਛਣ ਵੀ ਵੇਖਣ ਨੂੰ ਮਿਲਦੇ ਹਨ ਜਿਵੇਂ ਦਿੱਲ-ਲਗੀ, ਸਹਿਚਾਰ ਅਤੇ ਸੰਯੋਗ, ਅਨੁਕੂਲਨ, ਵੇਦਨਾ ਅਤੇ ਤਿਆਗ, ਆਸਥਾ ਤੇ ਵਿਸ਼ਵਾਸ਼, ਕਲਿਆਣਮਈ ਭਾਵਨਾ, ਆਨੰਦਮਈ ਭਾਵਨਾ ਆਦਿ। ਇਹਨਾਂ ਲੱਛਣਾਂ ਨੂੰ ਧਾਰਨ ਕਰਕੇ ਸ਼ੈਤਾਨ ਤੋਂ ਇਨਸਾਨ ਬਣਿਆ ਜਾ ਸਕਦਾ ਹੈ ਤੇ ਕੌੜ੍ਹਾ ਮਨ ਮਿਠਾਸ ਨਾਲ ਭਰ ਜਾਂਦਾ ਹੈ। ਇਹੀ ਲੱਛਣ ਕਿਸੇ ਰੁੱਖ ਦੇ ਮਿੱਠੇ ਫਲਾਂ ਵਰਗੇ ਹਨ ਜੋ ਜੀਵਨ ਨੂੰ ਸਦਾ ਆਪਣੇ ਰਸਾਂ ਨਾਲ ਰਸ ਭਰਪੂਰ ਬਣਾਉਂਦੇ ਰਹਿੰਦੇ ਹਨ। ਲੱਛਣਾਂ ਦੀ ਤਰ੍ਹਾਂ ਪਿਆਰ ਦੇ ਕਈ ਤੱਤ ਵੀ ਮੰਨੇ ਜਾ ਸਕਦਾ ਹੈ ਜਿਵੇਂ ਤਲਬ, ਭਾਵ, ਅਨੁਭਵ, ਕਸ਼ਿਸ਼, ਪ੍ਰੀਤ, ਸੰਵੇਦਨਾ, ਲਿਵ ਆਦਿ। ਇਨ੍ਹਾਂ ਤੱਤਾਂ ਤੋਂ ਬਿਨਾ ਪਿਆਰ ਦੀ ਕਲਪਨਾ ਕਰਨਾ ਅਸੰਭਵ ਜਾਪਦਾ ਹੈ ਕਿਉਂਕਿ ਇਹ ਤੱਤ ਪਿਆਰ ਦੇ ਲਈ ਪ੍ਰੇਮੀ/ਪ੍ਰੇਮਿਕਾ, ਮਿੱਤਰ, ਬੇਲੀ ਆਦਿ ਸਭ ਰਿਸ਼ਤਿਆਂ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕਰਦੇ ਹਨ।

ਪਿਆਰ ਸੰਕਲਪ ਬਹੁਤ ਵਿਆਪਕ ਅਰਥਾਂ ਦਾ ਧਾਰਨੀ ਸੰਕਲਪ ਹੈ। ਜਿਸ ਤਰ੍ਹਾਂ ਇਸਨੂੰ ਕਿਸੇ ਇੱਕ ਪਰਿਭਾਸ਼ਾ ਵਿੱਚ ਬੰਨ੍ਹਣਾ ਬਹੁਤ ਔਖਾ ਹੈ, ਉਸੇ ਤਰ੍ਹਾਂ ਇਸਦਾ ਰੂਪ ਵੀ ਬਹੁਤ ਵਿਸ਼ਾਲ ਹੈ। ਇਸਦੇ ਵਿੱਚ ਸਮੁੱਚੀ ਸ੍ਰਿਸ਼ਟੀ ਸਮਾਈ ਹੋਈ ਹੈ। ਪਰ ਫੇਰ ਵੀ ਇਸਦੀ ਪਛਾਣ ਦੋ ਰੂਪਾਂ ਸ਼ਖ਼ਸੀ ਪਿਆਰ ਅਤੇ ਗ਼ੈਰ-ਸ਼ਖ਼ਸੀ ਪਿਆਰ ਵਿੱਚ ਕੀਤੀ ਜਾ ਸਕਦੀ ਹੈ। ਸ਼ਖ਼ਸੀ ਪਿਆਰ ਦੇ ਖੇਤਰ ਵਿੱਚ ਮਨੁੱਖ ਦੇ ਸਮਾਜਿਕ ਰਿਸ਼ਤੇ-ਨਾਤੇ ਸ਼ਾਮਿਲ ਹੁੰਦੇ ਹਨ। ਉਹ ਚਾਹੇ ਮਾਂ ਦੇ ਰੂਪ ਵਿੱਚ, ਪਿਓ-ਧੀ, ਭਰਾ-ਭੈਣ, ਮਿੱਤਰ-ਸਹੇਲੀ, ਚਾਚਾ-ਚਾਚੀ, ਪ੍ਰੇਮੀ-ਪ੍ਰੇਮਿਕਾ, ਪਤੀ-ਪਤਨੀ ਆਦਿ ਕੋਈ ਵੀ ਸਮਾਜਕ ਰਿਸ਼ਤਾ ਹੋਵੇ, ਹਰ ਰਿਸ਼ਤੇ ਵਿੱਚ ਪਿਆਰ ਦੀ ਡੋਰ ਹੁੰਦੀ ਹੈ। ਗ਼ੈਰ-ਸ਼ਖ਼ਸੀ ਪਿਆਰ ਮਨੁੱਖ ਦਾ ਸੰਸਾਰਕ ਵਸਤਾਂ, ਪਦਾਰਥਾਂ, ਸਮਾਜ, ਧਰਮ, ਸਭਿਆਚਾਰ, ਸੰਸਕ੍ਰਿਤੀ, ਭਾਸ਼ਾ, ਖਿੱਤਾ, ਪੇਸ਼ਾ ਆਦਿ ਆ ਜਾਂਦੇ ਹਨ। ਇਸ ਗ਼ੈਰ-ਸ਼ਖ਼ਸੀ ਪਿਆਰ ਵਿੱਚ ਦੋ ਮਨੁੱਖੀ ਜੀਵਾਂ ਦੀ ਥਾਂ ਇੱਕ ਮਨੁੱਖ ਹੀ ਉਸਦੀ ਅਗਵਾਈ ਕਰਦਾ ਭਾਵ ਇੱਕ ਮਨੁੱਖ ਹੁੰਦਾ ਤੇ ਦੂਜੀ ਪ੍ਰਕ੍ਰਿਤੀ ਜਾਂ ਪਦਾਰਥ ਆਦਿ। ਗ਼ੈਰ-ਸ਼ਖ਼ਸੀ ਪਿਆਰ ਵਿੱਚ ਦੋ ਜੀਵਾਂ (ਜਾਨਵਰਾਂ) ਦੀ ਹੋਂਦ ਵੀ ਪਛਾਣੀ ਜਾ ਸਕਦੀ ਹੈ।

ਜਦੋਂ ਅਸੀਂ ਪੰਜਾਬੀ ਕਾਵਿ ਪਰੰਪਰਾ ਵਿੱਚ ਪ੍ਰਾਪਤ ਹੁੰਦੇ ਪਿਆਰ ਸੰਕਲਪ ਬਾਰੇ ਅਧਿਐਨ ਕਰਨ ਲੱਗਦੇ ਹਾਂ ਤਾਂ ਅਸੀਂ ਦੇਖਦੇ ਹਾਂ ਸੂਫ਼ੀ ਕਵੀ ਬਾਬਾ ਫ਼ਰੀਦ ਤੋਂ ਲੈ ਕੇ ਸਮਕਾਲ ਤੱਕ ਪਿਆਰ ਕਾਵਿ ਤੱਕ ਇਹ ਸੰਕਲਪ ਨੇ ਆਪਣੀ ਪੈੜ ਬਣਾਈ ਹੋਈ ਹੈ ਅਤੇ ਇਸ ਸੰਕਲਪ ਨੂੰ ਕਿਸੇ ਸੀਮਾ ਵਿੱਚ ਰਹਿ ਕੇ ਨਹੀਂ ਵਿਚਾਰਿਆ ਕਾ ਸਕਦਾ। ਕਿਉਂਕਿ ਹਰ ਧਾਰਾ ਅਤੇ ਕਾਲ ਵਿੱਚ ਇਹ ਸੰਕਲਪ ਵੱਖਰੇ ਰੂਪ ਵਿੱਚ ਨਜ਼ਰ ਆਉਂਦਾ ਹੈ। ਇਤਿਹਸਕ ਪਰਿਪੇਖ ਤੋਂ ਤਾਂ ਪਿਆਰ ਕਾਵਿ ਦੀ ਰਚਨਾ ਉਦੋਂ ਤੋਂ ਰਹੀ ਹੈ ਜਦੋਂ ਤੋਂ ਪੰਜਾਬੀ ਸਾਹਿਤ ਦਾ ਮੁੱਢ ਬੱਝਾ। ਸੂਫ਼ੀ ਕਵੀ ਬਾਬਾ ਫ਼ਰੀਦ ਦੀ ਸਮੁੱਚੀ ਰਚਨਾ ਇਸੇ ਸੰਕਲਪ ਦੇ ਦੁਆਲੇ ਹੀ ਸਿਰਜੀ ਹੋਈ ਹੈ, ਉਸਦਾ ਕੋਈ ਸ਼ਬਦ ਜਾਂ ਸਲੋਕ ਅਜਿਹਾ ਨਹੀਂ ਜਿਸ ਵਿੱਚ ਪਿਆਰ ਸੰਕਲਪ ਨੂੰ ਨਜ਼ਰ ਅੰਦਾਜ਼ ਕੀਤਾ ਮੰਨਿਆ ਜਾ ਸਕੇ। ਇਸੇ ਤਰ੍ਹਾਂ ਹੋਰ ਦੂਸਰੇ ਪੰਜਾਬੀ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਵਿੱਚ ਵੀ ਇਹ ਭਰਪੂਰ ਮਾਤਰਾ ਵਿੱਚ ਦੇਖਿਆ ਕਾ ਸਕਦਾ ਹੈ। ਦਰਅਸਲ ਸੂਫ਼ੀ ਫ਼ਲਸਫ਼ੇ ਵਿੱਚ ਤਾਂ ਰੱਬੀ ਪਿਆਰ ਹੀ ਕੇਂਦਰ ਵਿੱਚ ਹੈ, ਇਸ ਲਈ ਸੁਭਾਵਕ ਹੈ ਕਿ ਇਸ ਵਿੱਚ ਪਿਆਰ ਸੰਕਲਪ ਦੀ ਪ੍ਰਾਪਤੀ ਹੋਵੇਗੀ। ਗੁਰਮਤਿ ਕਾਵਿ ਦਾ ਅਧਿਐਨ ਕਰਦਿਆਂ ਵੀ ਪਿਆਰ ਸੰਕਲਪ ਕੇਂਦਰੀ ਸੰਕਲਪ ਵਜੋਂ ਇਸ ਵਿੱਚ ਪਛਾਣਿਆ ਜਾ ਸਕਦਾ ਹੈ। ਦੇਖਿਆ ਜਾਵੇ ਤਾਂ ਗੁਰਮਤਿ ਫ਼ਲਸਫ਼ਾ ਪਿਆਰ ਨੂੰ ਮਾਨਵੀ ਸਾਂਝ ਦਾ ਆਧਾਰ ਮੰਨਦਾ ਹੈ। ਸੂਫ਼ੀ ਕਾਵਿ ਅਤੇ ਗੁਰਮਤਿ ਕਾਵਿ ਵਿੱਚਲੇ ਪਿਆਰ ਸੰਕਲਪ ਵਿੱਚ ਅੰਤਰ ਨੂੰ ਇਸ ਆਧਾਰ 'ਤੇ ਸਮਝਿਆ ਜਾ ਹੈ ਕਿ ਜਿੱਥੇ ਸੂਫ਼ੀ ਕਾਵਿ ਵਿੱਚ ਸਿਰਫ਼ ਰੱਬੀ ਪਿਆਰ ਦੀ ਬਾਤ ਹੈ ਉੱਥੇ ਗੁਰਮਤਿ ਕਾਵਿ ਵਿੱਚ ਰੱਬ ਦੇ ਨਾਲ ਮਾਨਵ ਪਿਆਰ ਵੀ ਕੇਂਦਰ ਵਿੱਚ ਨਜ਼ਰ ਆਉਂਦਾ ਹੈ। ਜਿੱਥੋਂ ਤੱਕ ਕਿੱਸਾ ਕਾਵਿ ਦਾ ਸਬੰਧ ਹੈ ਇਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿੱਚ ਕਿੱਸਾਕਾਰਾਂ ਨੇ ਆਸ਼ਕ-ਮਾਸ਼ੂਕ ਦੇ ਹਵਾਲੇ ਨਾਲ ਹਾਕਮ ਦੁਆਰਾ ਥੋਪੀਆਂ ਉਨ੍ਹਾਂ ਵਲਗਣਾਂ ਨੂੰ ਵੰਗਾਰਿਆਂ ਹੈ ਜੋ ਪਿਆਰ ਕਰਨ ਵਾਲਿਆਂ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਦੇ ਹਨ। ਸਪੱਸ਼ਟ ਹੈ ਕਿ ਮੱਧਕਾਲੀ ਪੰਜਾਬੀ ਕਾਵਿ ਦੀਆ ਜਿੰਨੀਆਂ ਵੀ ਧਾਰਾਵਾਂ ਹਨ ਉਨ੍ਹਾਂ ਵਿੱਚ ਪਿਆਰ ਦੇ ਸੰਕਲਪ ਦੀ ਭਰਪੂਰ ਵਰਤੋਂ ਹੋਈ ਹੈ। ਇਹ ਗੱਲ ਵੱਖਰੀ ਹੈ ਕਿ ਪਿਆਰ ਦਾ ਸਰੂਪ ਇੱਕੋ ਜਿਹਾ ਨਹੀਂ ਹੈ। ਇਸੇ ਤਰ੍ਹਾਂ ਆਧੁਨਿਕ ਪੰਜਾਬੀ ਕਾਵਿ ਵੀ ਇਸਦਾ ਅਪਵਾਦ ਨਹੀਂ ਕਿਹਾ ਜਾ ਸਕਦਾ।

ਖ਼ੈਰ, ਇਹ ਤਾਂ ਰਹੀ ਪਿਆਰ ਦੇ ਸਰੂਪ ਬਾਰੇ ਚਰਚਾ ਪਰ ਸਾਡਾ ਅਸਲ ਅਧਿਐਨ ਤਾਂ ਪੰਜਾਬੀ ਕਾਵਿ ਰਚਨਾਵਾਂ ਵਿਚ ਪਿਆਰ ਦੀ ਪੇਸ਼ਕਾਰੀ ਸੰਬੰਧੀ ਹੈ ਤੇ ਜਦੋਂ ਅਸੀਂ ਇਸ ਵੱਲ ਪਰਤਦੇ ਹਾਂ ਤਾਂ ਉਸ ਸਮੇਂ ਸਾਡਾ ਧਿਆਨ ਪਹਿਲੇ ਕੀਤੇ ਪਿਆਰ ਅਧਿਐਨ ਵੱਲ ਜਾਣਾ ਵੀ ਸੁਭਾਵਿਕ ਹੈ। ਡਾ. ਵਨੀਤਾ ਦੇ ਅਨੁਸਾਰ:

> "ਪਿਆਰ ਕਾਵਿ ਦਾ ਮੂਲ ਸੰਬੰਧ ਤਾਂ ਇਸਤਰੀ ਪੁਰਸ਼ ਦੇ ਪਿਆਰ ਸੰਬੰਧਾਂ, ਪਿਆਰ ਅਨੁਭਵ ਨਾਲ ਹੈ। ਇਸ ਲਈ ਇਸ ਕਾਵਿ ਵਿਚ ਇਸਤਰੀ ਪੁਰਸ਼ ਦੇ ਪਿਆਰ ਬਿੰਬ, ਅਲੰਕਾਰ ਜਾਂ ਪ੍ਰਤੀਕ ਕੇਂਦਰ ਵਿਚ ਰਹਿੰਦੇ ਹਨ, ਪਿਆਰ ਦਾ ਸੰਬੰਧ ਇਸ ਇਕੋ ਰਿਸ਼ਤੇ ਨਾਲ ਨਹੀਂ, ਪਿਆਰ ਦਾ ਸੰਬੰਧ ਹੋਰ ਰਿਸ਼ਤਿਆਂ ਜਾਂ ਸਮੁੱਚੀ ਕਾਇਨਾਤ ਨਾਲ ਵੀ ਹੈ।"[1]

ਭਾਵੇਂ ਬਹੁਤ ਸਾਰੇ ਸਮਕਾਲੀ ਕਵੀਆਂ ਨੇ ਪਿਆਰ ਕਾਵਿ ਦੀ ਰਚਨਾ ਕੀਤੀ ਹੈ, ਪਰ ਅਸੀਂ ਆਪਣੇ ਹੱਥਲੇ ਅਧਿਐਨ ਵਿੱਚ ਨਵਤੇਜ ਭਾਰਤੀ, ਜਸਵੰਤ ਦੀਦ, ਸਵਰਨਜੀਤ ਸਵੀ ਅਤੇ ਮਨਮੋਹਨ ਹੋਰਾਂ ਦੁਆਰਾ ਰਚੇ ਪਿਆਰ-ਕਾਵਿ ਨੂੰ ਧਿਆਨ ਵਿੱਚ ਰੱਖ ਕੇ ਚਰਚਾ ਨੂੰ ਅੱਗੇ ਤੋਰਾਂਗੇ। ਇਹ ਕਵੀ ਆਪਣੀਆਂ ਰਚਨਾਵਾਂ ਵਿਚ ਪੰਜਾਬ ਦੇ ਦਰਿਆਵਾਂ, ਪ੍ਰੀਤ ਕਥਾਵਾਂ, ਇਸਤਰੀ/ਮਰਦ ਸੰਬੰਧਾਂ, ਇਤਿਹਾਸਕ ਪ੍ਰਸੰਗਾਂ, ਮਿਥਿਹਾਸਕ ਹਵਾਲਿਆਂ, ਪੁਰਖਿਆਂ ਨਾਲ ਰਚਾਏ ਸੰਵਾਦ, ਮਨੁੱਖੀ ਰਿਸ਼ਤੇ, ਆਧੁਨਿਕ ਸ਼ਹਿਰੀ ਸਮਾਜ ਅੰਦਰ ਮੱਧ ਵਰਗੀ ਜੀਵਨ ਜੀਅ ਵਿਅਕਤੀ ਦੇ ਅੰਤਰ ਮਨ ਵਿਚ ਚੱਲ ਰਹੀ ਕਸ਼ਮਕਸ਼ ਨੂੰ ਇਸ ਤਰ੍ਹਾਂ ਉਸਾਰਦੇ ਹਨ ਕਿ ਇਉਂ ਲੱਗਦਾ ਹੈ ਕਿ ਇਹ ਕਵੀ ਪਿਆਰ ਦੇ ਸੰਕਲਪ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਰਹੇ ਹਨ।

ਸਮਾਜ ਵਿਚ ਰਿਸ਼ਤਿਆਂ ਦਾ ਤਾਣਾ-ਬਾਣਾ ਸਮਾਜ ਵਿਗਿਆਨ ਦਾ ਬਹੁਤ ਮਹੱਤਵਪੂਰਨ ਅੰਗ ਹੁੰਦਾ ਹੈ। ਜਨਮ ਤੋਂ ਹੀ ਮਨੁੱਖੀ ਜੀਵ ਸਮਾਜ ਵਿਚਲੇ ਰਿਸ਼ਤਿਆਂ ਨਾਲ ਜੁੜ ਜਾਂਦਾ ਹੈ। ਰਿਸ਼ਤਿਆਂ ਦਾ ਵਿਆਕਰਣ ਪਹਿਲਾਂ ਤੋਂ ਹੀ ਉਸਦੇ ਅੱਗੇ ਪੇਸ਼ ਹੁੰਦਾ ਹੈ ਪਰ ਫਿਰ ਵੀ ਕੁੱਝ ਰਿਸ਼ਤਿਆਂ ਦਾ ਮੋਹ ਉਸਨੂੰ ਕੁਦਰਤੀ ਵੀ ਹੁੰਦਾ ਹੈ। ਕਿਉਂਕਿ ਸਮਾਜ ਵਿਚ ਰਹਿੰਦਿਆਂ ਹੋਇਆਂ ਮਨੁੱਖ ਕਈ ਟਾਹਣਿਆਂ ਨਾਲ ਬੱਝਿਆ ਹੋਇਆ ਹੁੰਦਾ ਹੈ ਤੇ ਇਸ ਤਰ੍ਹਾਂ ਇਨ੍ਹਾਂ ਟਾਹਣੀਆਂ ਵਾਂਗ ਹੋਰ ਜੀਵਾਂ ਨਾਲ ਆਪਣੇ ਪਿਆਰ ਦੇ ਸੰਬੰਧ ਬਣਾਉਂਦਾ ਹੈ। ਪਿਆਰ ਦੇ ਸੰਬੰਧੀ ਰਿਸ਼ਤੇ ਉਸਨੂੰ ਖ਼ੁਸ਼ੀ-ਗ਼ਮੀਂ ਦੇ ਸਮੇਂ ਉਸ ਨਾਲ ਸਾਂਝ ਨਿਭਾਉਂਦੇ ਹਨ ਅਤੇ ਇਕ ਦੂਜੇ ਦੀਆਂ ਲੋੜਾਂ, ਇੱਛਾਵਾਂ ਦਾ ਖ਼ਿਆਲ ਰੱਖਦੇ ਹੋਏ ਪਿਆਰ ਤੇ ਨਿੱਘ ਦਾ ਅਹਿਸਾਸ ਵੀ ਦਿਵਾਉਂਦੇ ਹਨ। ਇਸ ਸੰਬੰਧੀ ਅਸੀਂ ਜਸਵੰਤ ਦੀਦ ਦੇ ਕਾਵਿ ਵਿਚੋਂ ਕੁੱਝ ਸਤਰਾਂ ਮਿਸਾਲ ਲਈ ਵਰਤਦੇ ਹਾਂ:

ਤਾਂ ਪਰ ਮੈਂ ਜਦੋਂ ਆਖਦਾ ਹਾਂ
ਮੈਂ ਤੈਨੂੰ ਪਿਆਰ ਕਰਦਾ ਹਾਂ
ਤਾਂ ਮੈਨੂੰ ਲੱਗਦਾ ਹੈ
ਮੈਂ ਕੋਈ ਅੰਮ੍ਰਿਤਪਾਣ ਕੀਤਾ ਹੈ।[2]
---
ਤੂੰ ਮੇਰੀ ਪਹਿਲੀ ਮੁਹੱਬਤ ਏਂ
ਉਮਰ ਦਾ ਇਹ ਵਰ੍ਹਾ
ਤੇ ਪਹਿਲੀ ਮੁਹੱਬਤ!
ਤੂੰ ਹੈਂ ਜਿਸ ਨੇ ਮੇਰੇ ਗਰੂਰ, ਆਤਮ-ਵਿਸ਼ਵਾਸ
ਮੇਰੇ ਜਲੌ ਨੂੰ
ਇਉਂ ਦਿੱਤੀ ਹੈ ਆਵਾਜ਼
ਕਿ ਮੈਂ ਚੌਹੀ ਦਿਸ਼ਾਵੀਂ ਰੁਕ ਗਿਆ ਹਾਂ।[3]

ਕਵੀ ਇੱਥੇ ਇਹ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਜੀਵਾਂ ਦੇ ਸੰਬੰਧਾਂ ਵਿਚ ਪਿਆਰ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ ਕਿਉਂਕਿ ਜੇਕਰ ਕਿਸੇ ਵੀ ਰਿਸ਼ਤੇ ਦੇ ਸੰਬੰਧ ਵਿਚ ਪਿਆਰ ਨਹੀਂ ਤਾਂ ਉਹ ਨਫ਼ਰਤਾਂ ਦੀ ਭੇਂਟ ਚੜ੍ਹ ਜਾਂਦੇ ਹਨ ਅਤੇ ਜਦੋਂ ਇਹਨਾਂ ਸੰਬੰਧਾਂ ਵਿਚ ਪਿਆਰ ਦੀ ਮਹਿਕ ਹੁੰਦੀ ਹੈ ਉਸ ਸਮੇਂ ਉਨ੍ਹਾਂ ਨੂੰ ਇਹ ਅੰਮ੍ਰਿਤ ਦੇ ਸਮਾਨ ਜਾਪਦਾ ਹੈ।

ਇਨ੍ਹਾਂ ਕਵੀਆਂ ਦੇ ਪਿਆਰ ਦੀ ਇਕ ਥੀਮਕ ਇਕਾਈ ਇਹ ਵੀ ਹੈ ਕਿ ਇਹ ਮਹਿਬੂਬ/ਔਰਤ ਨੂੰ ਪਦ-ਪਰਦਰਸ਼ਕ ਹੋਂਦ ਵਜੋਂ ਵੀ ਪੇਸ਼ ਕਰਦੇ ਹਨ ਤੇ ਸਮਕਾਲੀ ਕਾਵਿ ਦੀ ਇਹ ਵਿਸ਼ੇਸਤਾ ਵੀ ਕਹੀ ਜਾ ਸਕਦੀ ਹੈ ਕਿ ਇਸ ਪਿਆਰ ਨੂੰ ਸਮੂਰਤ, ਚਿੱਤਰ ਤੇ ਅਨੁਭਵੀ ਅਭਿਵਿਅਕਤੀ ਰਾਹੀਂ ਦ੍ਰਿਸ਼ਟੀਮੂਲਕ ਕਰਦੇ ਹਨ। ਇਹ ਕਵੀ ਭਾਵੇਂ ਕਈ ਥਾਈਂ ਮਹਿਬੂਬ ਨੂੰ ਸੈਲੀਬਰੇਸ਼ਨ ਦੇ ਰੁੱਖ ਫੈਲਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਪਰ ਅਜਿਹਾ ਕਰਨ ਦਾ ਕਵੀ ਦਾ ਮਕਸਦ ਪਿਆਰ ਦੇ ਸ਼ੁੱਧ ਸਰੂਪ ਦੀ ਪਛਾਣ ਕਰਾਉਣ ਲਈ ਕਈ ਵਾਰੀ ਅਜਿਹੀਆਂ ਜੁਗਤਾਂ ਦੀ ਵਿਉਂਤ ਵਰਤੋਂ ਕਰਨਾ ਵਰਜਿਤ ਨਹੀਂ ਮੰਨਿਆ ਜਾ ਸਕਦਾ। ਪਹਿਲਾਂ ਅਸੀਂ ਨਵਤੇਜ ਭਾਰਤੀ-ਕਾਵਿ ਵਿਚੋਂ ਸ਼ੈਲੀਬਰੇਸ਼ਨ ਪੱਖ ਦੀਆਂ ਸਤਰਾਂ ਪੇਸ਼ ਕਰਦੇ ਹਾਂ ਅੱਗੇ ਪ੍ਰਤੀ ਉਤਰ ਵਜੋਂ ਚਾਨਣਾ ਪਾਵਾਂਗੇ:

ਕਿਹੜੇ ਤਾਂ ਵੇਲੇ ਜੀ ਮੈਂ
ਪੱਤਣ ਤੇ ਆਣ ਲੱਥੀ
ਕਿਹੜੇ ਤਾਂ ਵੇਲੇ ਮਾਰੀ ਛਾਲ
ਲੀੜੇ ਲੱਤੇ ਤਾਂ ਅਸੀਂ
ਕੰਢਿਆਂ ਨੂੰ ਸੌਂਪ ਦਿੱਤੇ
ਦੇਹੀ ਤੋਂ ਲਾਹਿਆ ਜੂਠਾ ਮਾਲ

ਕੱਚਾ ਘੜਾ ਸੀ ਸਾਡਾ
ਸੁੱਚਾ ਸੱਚਾ ਹੋ ਗਿਆ
ਲੱਗਾ ਜਾਂ ਪਾਣੀ ਇਹਦੇ ਨਾਲ
ਨਦੀਆ ਦੇ ਅੰਗ ਲੱਗੀ
ਆਪ ਨਦੀ ਹੋ ਗਈ
ਮੁੱਕਗੀ ਕਿਨਾਰਿਆਂ ਦੀ ਭਾਲ
ਹੁਣ ਤਾਂ ਜੀ ਮੋਹ ਛੁੱਟਾ
ਪਾਰਲੇ ਤੇ ਪਹੁੰਚਣ ਦਾ।
ਜਿੱਥੇ ਉਡੀਕੇ ਮਹੀਂਵਾਲ।[4]

ਪਿਆਰ ਦਾ ਚਾਹਤ ਨਾਲ ਸੰਬੰਧ ਗੂੜ੍ਹਾ ਹੈ ਅਤੇ ਇਸ ਕਵਿਤਾ ਵਿਚ ਔਰਤ/ਮਰਦ ਪਾਤਰ ਤਾਂ ਪਿਆਰ ਦੇ ਕੇਵਲ ਸਦੀਵੀ ਹੋਣ ਵਾਲੇ ਸਾਥ ਦੀ ਮੰਗ ਕਰਦੇ ਹਨ ਪਰ ਔਕੜਾਂ ਦਾ ਕੱਜਣ ਕਰਨਾ ਔਖਾ ਹੁੰਦਾ ਹੈ। ਦੋਵੇਂ ਪਾਤਰ ਪਿਆਰ ਵਿਚ ਸਰੀਰਕ ਸਾਥ ਦੀਆਂ ਆਕਾਂਖਿਆਵਾਂ ਵੀ ਕਰਦਾ ਹੈ। ਦੂਜੇ ਪਾਸੇ ਔਰਤ ਪਿਆਰ ਕਬਜ਼ਾ ਨਹੀਂ ਪਹਿਚਾਣ ਦੀ ਸਮਰੱਥਾਵਾਂ ਵਿਖਾਈ ਪੈਂਦੀ ਹੈ ਪਰ ਮਰਦ ਪਾਤਰ ਇਸਦੀ ਸਮੁੱਚਤਾ ਵਿਚ ਮਾਣਨ ਲਈ ਅਤੇ ਪਿਆਰ ਦੇ ਸੱਚ ਤੱਕ ਪਹੁੰਚਣ ਲਈ ਕੇਵਲ ਤੇ ਕੇਵਲ ਪਹਿਚਾਣ ਲਈ ਹੀ ਖਲੋਤੇ ਵਿਖਾਈ ਪੈਂਦਾ ਹੈ। ਇਸ ਦਵੰਦਮਈ ਸਥਿਤੀ ਨੂੰ ਪੇਸ਼ ਕਰਕੇ ਸ਼ੁੱਧ ਸਰੂਪ ਪਿਆਰ ਦਾ ਪੱਖ ਉਘਾੜਨਾ ਇੱਥੇ ਕਵੀ ਦਾ ਟੀਚਾ ਜਾਪਦਾ ਹੈ।

ਔਰਤ-ਮਰਦ ਦੇ ਸ਼ਖ਼ਸੀ ਰਿਸ਼ਤੇ ਦੇ ਪਿਆਰ ਦੀ ਪਛਾਣ ਕਰਨ ਦੀ ਬਹਿਬਲਤਾ ਕਾਫ਼ੀ ਹੱਦ ਤੱਕ ਨਿਹਿਤ ਹੁੰਦੀ ਹੈ। ਔਰਤ/ਮਰਦ ਦਾ ਅਹਿਸਾਸ ਸ਼ਖ਼ਸੀ ਪਿਆਰ ਦਾ ਰਿਸ਼ਤਾ ਪ੍ਰੰਪਰਕ ਮਾਡਲ ਦ੍ਰਿਸ਼ਟੀਮੂਲਕ ਵਾਲੇ ਪਹਿਲੂਆਂ ਤੋਂ ਵੱਖਰਾ ਹੁੰਦਾ ਹੈ। ਇਸ ਵਿਚ ਕਵੀ ਤਰਸ, ਹਮਦਰਦੀ, ਹੱਕ, ਪ੍ਰਮਾਣਿਕਤਾ ਜਾਂ ਸਿਰਫ਼ ਇਸਦੀ ਹੰਢਣਸਾਰਤਾ ਦੀ ਮਹਿਜ ਇੱਛਾ ਹੀ ਨਹੀਂ ਰੱਖਦਾ ਬਲਕਿ ਉਹ ਇਸਦੇ ਗੌਰਵ ਨੂੰ ਮਨੁੱਖ ਦੀ ਸਵੀਕ੍ਰਿਤੀ ਵਜੋਂ ਵੀ ਤੇ ਸਮਾਜਿਕ ਸਵੀਕ੍ਰਿਤੀ ਵਜੋਂ ਵੀ ਉਭਾਰਨ ਦੇ ਯਤਨ ਕਰਦਾ ਹੈ:

ਤੂੰ ਤੇ ਮੈਂ
ਜਿਸਮ ਸਾਂ
ਮੈਂ ਮਰਦ –ਤੂੰ ਔਰਤ
ਤੇ ਅਸੀਂ ਤੂੰ ਤੇ ਮੈਂ ਤੋਂ
ਮਰਦ ਤੇ ਔਰਤ ਤੋਂ
ਮਾਂ ਪਿਓ-ਪਤਨੀ, ਭੈਣ ਭਰਾ...
ਤੇ ਕਿੰਨੇ ਹੀ ਸੰਬੋਧਨਾਂ ਵਿਚ ਉਲਝ ਗਏ।[5]

ਕਵੀ ਇਨ੍ਹਾਂ ਰਿਸ਼ਤਿਆਂ ਵਿਚ ਅਹਿਸਾਸ ਨੂੰ ਸਭ ਤੋਂ ਵੱਡਾ ਦਰਜ਼ਾ ਦਿੰਦਾ ਜਾਪਦਾ ਹੈ। ਔਰਤ/ਮਰਦ ਦੇ ਰਿਸ਼ਤਿਆਂ ਦੀ ਵਿਸ਼ਾਲਤਾ/ਵਿਸਥਾਰਤਾ ਬਹਿਮੰਡੀ ਚੇਤਨਾ ਤੱਕ ਫੈਲੀ ਹੋਈ ਹੋਣ ਕਰਕੇ ਇਹ ਕਾਵਿ ਸਫ਼ਰ ਰੂਹ ਤੋਂ ਜਿਸਮ ਤੱਕ ਦਾ ਸਫ਼ਰ ਹੈ। ਕਵੀ ਮੈਂ (ਮਰਦ) ਤੂੰ (ਔਰਤ) ਦੀਆਂ ਅਲੱਗ ਹੋਂਦਾਂ ਦੇ ਬਾਵਜੂਦ ਵੀ ਦੋਨਾਂ ਨੂੰ ਇਕੋ ਕੋਣ ਦੇ ਪੂਰਕ ਵਜੋਂ ਚਿਤਵਦਾ ਹੈ ਕਿਉਂਕਿ ਇਕ ਦੂਜੇ ਬਗ਼ੈਰ ਉਹ ਅਧੂਰੇ ਹਨ ਭਾਵ ਪਿਆਰ, ਅਹਿਸਾਸ ਬਗ਼ੈਰ ਅਧੂਰੇ ਹਨ।

ਔਰਤ ਦੇ ਇਹਨਾਂ ਵੱਖੋਂ ਵੱਖ ਰਿਸ਼ਤੇ ਦੀ ਪੇਸ਼ਕਾਰੀ ਸਮੇਂ ਕਵੀ ਇਸ ਗੱਲੋਂ ਵੀ ਸੁਚੇਤ ਹੈ ਕਿ ਔਰਤ ਦਾ ਆਤਮ ਰਿਸ਼ਤਾ ਉਸ ਮਰਦ ਦੇ ਨਾਲ ਜੁੜਿਆ ਹੈ ਜਿਸਦੇ ਵਿਚ ਮੋਹ, ਮੁਹੱਬਤ, ਪਿਆਰ, ਅਹਿਸਾਸਾਂ ਆਦਿ ਦੀ ਪਵਿੱਤਰਤਾ ਰੂਹ ਤੱਕ ਹੁੰਦੀ ਹੈ ਅਤੇ ਮਰਦ (ਪਾਤਰ) ਵੀ ਇਸ ਸ਼ਖ਼ਸੀ ਪਿਆਰ ਦੇ ਰਿਸ਼ਤੇ ਦੀ ਨਿਕਟਤਾ ਦਾ ਅਹਿਸਾਸ ਕਰਦਿਆਂ ਸਭ, ਸਮਾਜਿਕ ਵਲਗਣਾਂ ਨੂੰ ਪਾਰ ਕਰਕੇ ਪ੍ਰੇਮਿਕਾ (ਔਰਤ) ਨੂੰ ਮਿਲਣਾ ਵੀ ਲੋਚਦਾ ਹੈ। ਇਸ ਪਿਆਰ ਬਾਰੇ ਸਵੀ ਦੀਆਂ ਪੇਸ਼ ਹਨ ਇਹ ਸਤਰਾਂ:

ਅਸੀਂ
ਸਭਿਅਕ ਹੋ ਗਏ!
ਸਮਾਜਕ ਹੋ ਗਏ!
ਸਮਾਜ-
ਜੋ ਸੀਮਾ ਹੈ
ਤਰਤੀਬ ਹੈ
ਜੋ ਘੜਿਆ ਉਨਿਆ ਸੀ
ਹੁਣੇ ਮੈਂ ਹਾਂ
ਤੈਨੂੰ ਸਭ ਵਲਗਣਾਂ ਟੱਪ ਕੇ ਮਿਲਦਾ ਹਾਂ
ਤੂੰ ਹੈ
ਕਿ ਪਿਆਰ ਲਈ
ਅਰਪ ਦਿੰਦੀ ਹੈ ਸਰੀਰ
ਮੈਂ ਹਾਂ-
ਜਿਸਮ ਲਈ
ਸੁਆਦ ਲਈ
ਦਿੰਦਾ ਹਾਂ ਪਿਆਰ।[6]

ਕਵੀ ਇੱਥੇ ਇਹ ਵੀ ਸਪੱਸ਼ਟ ਕਰਦਾ ਹੈ ਕਿ ਪਿਆਰ ਵਿੱਚ ਪ੍ਰੇਮੀ-ਪ੍ਰੇਮਿਕਾ ਆਪਣਾ ਸਭ ਕੁੱਝ ਅਰਪਣ ਕਰਦੇ ਹਨ। ਕਈ ਵਾਰੀ ਇਸ ਪਿਆਰ ਲਈ ਕੋਈ ਵੀ ਬੰਧਨ ਜਾਂ ਰੋਕ ਹੋਵੇ ਭਾਵ ਸਮਾਜਕ ਵਲਗਣਾਂ ਟੱਪ ਕੇ ਪ੍ਰੇਮੀ ਪ੍ਰੇਮਿਕਾ ਨੂੰ ਮਿਲਦਾ ਹੈ ਤੇ ਪ੍ਰੇਮਿਕਾ ਆਪਣੇ ਪਿਆਰ ਲਈ ਆਪਣਾ ਆਪਾ ਕੁਰਬਾਨ ਕਰ ਦਿੰਦੀ ਹੈ। ਇਸ ਸਮਰਪਣ ਨਾਲ ਪਿਆਰ ਨੂੰ ਉਚਾ ਤੇ ਸੁੱਚਾ ਕਰਦੇ ਹਨ।

ਮੈਂ
ਆਪਣੇ ਸਹੇੜੇ
ਵਿਵੇਕੀ ਵਿਕਾਰਾਂ ਦੀ
ਕੈਦ ਤੋਂ ਮੁਕਤ ਹੁੰਦਾ ਹਾਂ

ਤੇਰੇ ਮੋਹ ਦੀ
ਤੇਰੀ ਮੁਹੱਬਤ ਦੀ ਕਾਨੀ
ਮੇਰੇ ਮੋਹ ਨੂੰ ਭੰਗ ਕਰਦੀ ਹੈ
ਤੇ ਸਿਰਜਦੀ ਹੈ ਮੇਰੇ ਅੰਦਰ
ਮੁਹੱਬਤ ਦੇ ਸੁੱਚੇ ਸ਼ਬਦਾਂ ਦੀ ਮਾਲ਼ਾ
ਜਿੱਥੇ ਸੰਗ-ਸਾਥ ਹੈ
ਮਿਲਦੀਆਂ ਬਾਹਾਂ ਨੇ
ਹੱਥੀਂ ਛਾਵਾਂ ਨੇ
ਪਿਆਰ ਦੀ ਪਿਆਸ ਹੈ
ਮੁਹੱਬਤ ਦਾ ਰਾਗ ਹੈ।[7]

ਕਵੀ ਇੱਥੇ ਮੈਂ (ਮਰਦ) ਜਦੋਂ ਸੱਚੇ ਪਿਆਰ ਲਈ ਕਾਮਨਾ ਕਰਦਾ ਹੈ ਤਾਂ ਉਦੋਂ ਉਹ ਸਾਰੇ ਵਿਕਾਰਾਂ ਤੋਂ ਕੋਹਾਂ ਦੂਰ ਚਲਾ ਜਾਂਦਾ ਹੈ, ਉਹ ਆਪਣੀ ਪ੍ਰੇਮਿਕਾ (ਤੂੰ) ਦੇ ਪਿਆਰ ਦੀ ਛਾਇਆ ਹੇਠ ਤੇ ਮੁਹੱਬਤ ਦੇ ਰੰਗ ਵਿਚ ਘੁੱਲਦਾ ਹੈ ਤਾਂ ਵਿਕਾਰ ਆਪਣੇ ਆਪ ਭੰਗ ਹੋ ਜਾਂਦੇ ਹਨ ਤੇ ਸੱਚੇ ਪਿਆਰ, ਮੁਹੱਬਤ ਨੂੰ ਮੈਂ ਤੇ ਤੂੰ (ਔਰਤ/ਮਰਦ) ਮਾਲਾ ਦੇ ਮਣਕਿਆਂ ਦੀ ਤਰ੍ਹਾਂ ਇਕੋ ਧਾਗੇ ਵਿਚ ਪ੍ਰੋਂਦੇ ਹਨ। ਮੈਂ ਤੇ ਤੂੰ ਦਾ ਪਿਆਰ ਉਸ ਸਮੇਂ ਸਦੀਵੀ ਪੌੜੀਆਂ ਨੂੰ ਪਾਰ ਕਰਦਾ ਹੈ ਜਦੋਂ ਉਹ ਆਪਣੇ ਹੱਥੀਂ ਲਾਏ ਗੂੜ੍ਹੀ ਛਾਂ ਵਾਲੇ ਬੂਟੇ ਹੇਠ ਆਪਣਾ ਜੀਵਨ ਜਾਪਨ ਕਰਦੇ ਹਨ ਭਾਵ ਪਿਆਰ, ਮੁਹੱਬਤ, ਮੋਹ ਦੇ ਰੰਗਾਂ ਨੂੰ ਮਾਣਦੇ ਹਨ।

ਨਵਤੇਜ ਭਾਰਤੀ ਰਚਿਤ ਕਾਵਿ ਵਿਚ ਮਨੁੱਖੀ ਮਨ ਅਤੇ ਤਨ ਤੋਂ ਮਨੁੱਖ ਦੁਆਰਾ ਪਾਏ ਪਰਦਿਆਂ ਦੇ ਓਹਲੇ ਦਾ ਸੱਚ ਬਿਆਨ ਕਰਦਾ ਮਨੁੱਖ ਦੇ ਅੰਤਰਮਨ ਨੂੰ ਫਰੋਲਣ ਦਾ ਯਤਨ ਕਰਦਾ ਜਾਪਦਾ ਹੈ। ਉਹ ਮਨੁੱਖ ਨੂੰ ਮਨੁੱਖ ਹੋਣ ਦੀਆਂ ਲੋੜਾਂ ਨੂੰ ਸਮਝਣਾ ਅਤੇ ਉਸ ਦੀਆਂ ਭਾਵਨਾਵਾਂ ਪਿਆਰ, ਮੁਹੱਬਤ, ਕਾਮ ਆਦਿ ਦੀ ਤ੍ਰਿਪਤੀ ਲਈ ਔਰਤ-ਮਰਦ ਦੇ ਸੰਬੰਧਾਂ ਤੋਂ ਨਾ ਤਾਂ ਮੁਨਕਰ ਹੁੰਦਾ ਹੈ ਸਗੋਂ ਇਕ ਦੂਜੇ ਦੇ ਸਾਥੀਪਣ ਵਿਹਾਰ ਨੂੰ ਪੇਸ਼ ਕਰਕੇ ਮਨੁੱਖੀ ਲੋੜਾਂ ਦਾ ਵਿਆਕਰਣ ਵੀ ਸਿਰਜਦਾ ਹੈ:

ਟੁੱਟੀ ਮੰਜੀ ਵਾਣ ਪੁਰਾਣਾ
ਕਿਸ ਬਿਧ ਰਾਤ ਲੰਘਾਈਏ
ਪਹਿਲੇ ਪਹਿਰ ਚ ਗੱਲਾਂ ਕਰੀਏ
ਦੂਜੇ ਪਹਿਰ ਚ ਗਾਈਏ
ਤੀਜੇ ਪਹਿਰ ਚ ਤਾਰੇ ਗਿਣੀਏ
ਚੌਥੇ ਸੂਰਜ ਧਿਆਈਏ
ਟੁੱਟੀ ਮੰਜੀ ਵਾਣ ਪੁਰਾਣਾ
ਚੁੱਕ ਕੇ ਪਾਸੇ ਧਰੀਏ
ਆਪਣਾ ਆਪ ਵਿਛਾ ਧਰਤੀ ਤੇ
ਬਾਂਹ ਸੱਜਣ ਦੀ ਫੜੀਏ।[8]

ਇੱਥੇ ਨਵਤੇਜ ਭਾਰਤੀ ਇਹ ਸਪੱਸ਼ਟ ਕਰਦਾ ਨਜ਼ਰੀਂ ਪੈਂਦਾ ਹੈ ਕਿ ਜੀਵਨ ਦੇ ਵਿਹਾਰ ਵਿਚ ਔਰਤ-ਮਰਦ ਆਪਣੀਆਂ ਲੋੜਾਂ ਨੂੰ ਪੂਰਾ ਕਰਦੇ ਹੋਏ ਆਪਣੇ ਜੀਵਨ ਧਾਰਾ ਨੂੰ ਪਿਆਰ ਤੇ ਮੋਹ ਨਾਲ ਆਨੰਦਮਈ ਅਵਸਥਾ ਵਾਲਾ ਬਣਾਉਣ ਲਈ ਵਚਨ-ਬੱਧ ਹੁੰਦੇ ਹਨ।

ਨਵਤੇਜ ਭਾਰਤੀ ਮਨੁੱਖੀ ਸਰੀਰ ਦੀਆਂ ਲੋੜਾਂ ਨੂੰ ਵਰਜਿਤ ਫ਼ਲ ਸਮਝਣ ਦੀ ਬਜਾਇ ਇਸ ਨੂੰ ਕੁਦਰਤੀ ਅਤੇ ਸੰਪੂਰਨ ਆਨੰਦਮਈ ਪ੍ਰਕ੍ਰਿਆ ਮੰਨਦਾ ਹੈ। ਕਵੀ ਨੂੰ ਇਨ੍ਹਾਂ ਮਨੁੱਖੀ ਜੀਵਾਂ ਦੇ ਸਬੰਧ ਬਾਕੀ ਦੁਨੀਆਂ ਦੇ ਸਾਰੇ ਸੰਬੰਧਾਂ ਤੋਂ ਉੱਤਮ ਲੱਗਦੇ ਹਨ ਪਰ ਇਸ ਵਿਚ ਇਹ ਵੀ ਖ਼ਿਆਲ ਰੱਖਣਾ ਪੈਣਾ ਹੈ ਕਿ ਇਹ ਪਿਆਰ ਸੰਬੰਧ ਕੇਵਲ ਮੁਖੌਟੇ ਵਾਲੇ ਨਾ ਹੋ ਕੇ ਪਵਿੱਤਰਤਾ ਨੂੰ ਅਹਿਸਾਸ ਦੀ ਪੱਧਰ ਤੱਕ ਮਾਣਨ ਵਾਲੇ ਹੋਵਣ, ਤਾਂ ਹੀ ਮਨੁੱਖ ਆਪਣੇ ਮੂਲ ਨੂੰ ਸਮਝ ਕੇ ਸੰਬੰਧਾਂ ਦੀ ਪਾਰਦਸ਼ਤਾ ਨੂੰ ਮਾਣਦਾ ਹੋਇਆ ਸੱਚੇ ਸੁੱਚੇ ਪਿਆਰ ਮਈ ਪਲਾਂ ਦੀ ਸੈਰ ਕਰੇ। ਇਸ ਸੰਬੰਧੀ ਪੇਸ਼ ਹਨ ਭਾਰਤੀ ਕਾਵਿ ਵਿਚੋਂ ਕੁੱਝ ਸਤਰਾਂ:

ਔਰਤ ਦੇ ਸਰੀਰ ਵਿਚ ਇਸ਼ਨਾਨ ਕਰਕੇ
ਮੈਂ ਨਿਰਮਲ ਹੋ ਜਾਂਦਾ ਹਾਂ
ਜਦੋਂ ਤਨ ਤੇ ਉਮਰ ਦੀ ਮੈਲ ਚੜ੍ਹਨ ਲੱਗਦੀ ਹੈ
ਮੈਂ ਇਸ ਨਦੀ ਵਿਚ ਡੁਬਕੀ ਲਾਉਂਦਾ ਹਾਂ
ਤੇ ਫਿਰ ਜਵਾਨ ਹੋ ਜਾਂਦਾ ਹਾਂ।[9]

ਇਥੇ ਕਵੀ ਨੇ ਇਹ ਦਰਸਾਇਆ ਹੈ ਕਿ ਔਰਤ/ਮਰਦ ਦੇ ਪਿਆਰ ਸੰਬੰਧਾਂ ਦੀ ਗੱਲ ਕਰਨੀ ਤਾਂ ਵਾਜ਼ਬ ਹੈ ਪਰ ਇਹ ਸਤਰਾਂ ਨੂੰ ਪੜ੍ਹਦਿਆਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਜਿਹਾ ਕਰਦਾ ਹੋਇਆ ਕਵੀ ਔਰਤ/ਮਰਦ ਦੇ ਪਿਆਰ ਦੀ ਪਵਿੱਤਰਤਾ ਤੇ ਸੁੱਚਤਾ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ ਤਾਂ ਕਿ ਇਸ ਤੋਂ ਪ੍ਰੇਰਣਾ ਲੈ ਕੇ ਅਸੀਂ ਆਪਣੇ ਜੀਵਨ ਵਿਹਾਰ ਵਿਚ ਲਿਆ ਸਕੀਏ।

ਸਮਾਜ ਵਿਚ ਔਰਤ/ਮਰਦ ਦੋਹਾਂ ਦੇ ਸਾਂਝੇ ਹਿੱਤ ਹੁੰਦੇ ਹਨ। ਜਿਨ੍ਹਾਂ ਨੂੰ ਪੂਰਾ ਕਰਨ ਲਈ ਦੋਵੇਂ ਧਿਰਾਂ ਯਤਨਸ਼ੀਲ ਹੁੰਦੀਆਂ ਹਨ ਇਹ ਜੀਵਨ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਦੋਵੇਂ ਸਾਂਝੇ ਤੌਰ 'ਤੇ ਜੁਟੇ ਰਹਿੰਦੇ ਹਨ। ਇਸ ਸਮੇਂ ਦੋਹਾਂ ਦੀ ਮਿਹਨਤ ਵੀ ਸਾਂਝੀ ਹੈ ਤੇ ਮਲਕੀਅਤ ਵੀ ਸਾਂਝੀ। ਦੋਹਾਂ ਪ੍ਰਕ੍ਰਿਆਵਾਂ ਵਿਚੋਂ ਕਿਸੇ ਇਕ ਦਾ ਵੀ ਘਟੀਆ ਜਾਂ ਵਧੀਆ ਹੋਣ ਦਾ ਕਦੇ ਵੀ ਕੋਈ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ਪਰ ਜਿਸ ਸਮੇਂ ਕੋਈ ਅੰਦਰੂਨੀ ਹਉਮੈਂ ਨੇ ਨਿੱਜ ਦੇ ਸੰਕਲਪ ਨੂੰ ਜਨਮ ਦਿੱਤਾ ਉਸ ਸਮੇਂ ਸਿੱਟੇ ਵਜੋਂ ਨਿੱਜੀ ਜਾਇਦਾਦ ਦੀਆਂ ਭਾਵਨਾਵਾਂ ਜਨਮ ਲੈਂਦੀਆਂ ਹਨ। ਨਿੱਜੀ ਜਾਇਦਾਦ ਕਾਰਨ ਮਰਦ ਔਰਤ ਨੂੰ ਉਸਦੇ ਹਿੱਸੇ ਦੇ ਹੱਕ, ਪਿਆਰ, ਮੁਹੱਬਤ ਨਹੀਂ ਦਿੰਦਾ ਤੇ ਔਰਤ ਦੀ ਸਥਿਤੀ ਗੁਲਾਮਈ ਤੇ ਤ੍ਰਾਸਦੀ ਵਾਲੀ ਹੋ

ਜਾਂਦੀ ਹੈ ਕਿਉਂਕਿ ਵਿਵਸਥਾ ਅਧੀਨ ਪਰਿਵਾਰ ਵਿਚ ਮਰਦ ਨੂੰ ਮਾਲਕੀ ਦਾ ਹੱਕ ਵੱਧ ਜਾਂਦਾ ਹੈ।

ਇਸ ਸਥਿਤੀ ਸਦਕਾ ਔਰਤ ਦੀ ਸਥਿਤੀ ਦੂਜੈਲੇ ਪੱਧਰ 'ਤੇ ਆ ਜਾਂਦੀ ਹੈ ਜਿਸ ਕਰਕੇ ਔਰਤ-ਮਰਦ ਪਿਆਰ ਸੰਬੰਧਾਂ ਅਤੇ ਸਾਂਝੇ ਹਿੱਤਾਂ ਵਾਲੀ ਅੰਦਰੂਨੀ ਭਾਵਨਾ ਖੁਰਨ ਲੱਗਦੀ ਹੈ ਤੇ ਮਰਦ ਦੇ ਨਿੱਜ ਦਾ ਭਾਰੂ ਹੋਣਾ ਹੋਰ ਵੱਧਦਾ ਹੈ। ਮਰਦਾਵੀਂ ਹਉਮੈਂ ਦਾ ਸ਼ਿਕਾਰ ਹੋਏ ਮਰਦ/ਔਰਤ (ਪ੍ਰੇਮੀ-ਪ੍ਰੇਮਿਕਾ) ਆਦਿ ਦਾ ਪਿਆਰ ਭੁੱਲ ਨਾਲ ਸਿਰਫ਼ ਉਸਨੂੰ ਜਾਇਦਾਦ ਵਾਲਾ ਬਣਾ ਕੇ ਰੱਖਦੇ ਹਨ। ਇਸ ਪਾਸਾਰ ਨੂੰ ਮਨਮੋਹਨ ਦੇ ਕਾਵਿ ਦੀਆਂ ਇਹ ਸਤਰਾਂ ਪੇਸ਼ ਕਰਦੀਆਂ ਹਨ:

ਰਿਸ਼ਤੇ
ਰਗਾਂ 'ਚ ਵਹਿੰਦੀ ਰੱਤ
ਲੱਭਦੀ ਕਿਵੇਂ ਹੋਵੇਗੀ
ਬਣਾਏ ਰਿਸ਼ਤਿਆਂ ਦੀ ਰਸਾਇਣ 'ਚੋਂ ਰਿਸ਼ਤਗੀ
ਰਿਸ਼ਤਿਆਂ ਦੀ ਇਬਾਰਤ 'ਚ ਖੜ੍ਹਾ
ਸੋਚਦਾ ਰਿਸ਼ਤਿਆਂ ਤੇ ਰਾਬਦਿਆਂ ਬਾਰੇ
ਰੰਗਾਂ 'ਚ ਵਹਿੰਦੀ ਰੱਤ
ਰਿਸ਼ਤਿਆਂ ਨੂੰ ਰੇੜ੍ਹ ਰਹੀ
ਤਾਂ ਹੋਣੀ ਉਸਦੀ।[10]
---
ਤੱਜ ਦੇਵਾਂ ਪਿਆਰ ਕਰਨਾ
ਭੁੱਲ ਜਾਵਾਂ ਬਚਪਨਾ
ਤੁਹਾਡੇ ਲਈ ਹੋਵੇਗਾ ਕਾਫੀ ਆਸਾਨ
ਸੂਈ ਦੇ ਨੱਕੇ 'ਚੋਂ ਹਾਥੀ ਕੱਢਣਾ
ਹਵਾ 'ਚੋਂ ਮਛਲੀ ਫੜ੍ਹਨਾ
ਸਮੁੰਦਰ ਨੂੰ ਰਿੜਕਣਾ
ਜਾਂ ਕੱਛੂ ਕੁੰਮੇ ਦੇ ਸਿਰ 'ਤੇ ਧਰਤੀ ਟਿਕਾਅ ਦੇਣਾ
ਮੈਂ ਆਦਮੀ ਹਾਂ ਮਹਿਜ਼।[11]

ਇੱਥੇ ਮਨਮੋਹਨ ਇਹ ਭਾਵ ਪੇਸ਼ ਕਰਦਾ ਹੈ ਕਿ ਜਦੋਂ ਔਰਤ/ਮਰਦ ਦੇ ਰਿਸ਼ਤੇ ਦੇ ਪਿਆਰ ਦੀ ਡੋਰ ਟੁੱਟ ਜਾਂਦੀ ਹੈ ਤਾਂ ਉਹ ਬਗ਼ੈਰ ਅਹਿਸਾਸ, ਮੋਹ ਦੇ ਫਿੱਕੇ ਰਿਸ਼ਤੇ ਰਹਿ ਜਾਂਦੇ ਹਨ ਜਿਸਦਾ ਕੋਈ ਸਿਰਾ ਨਹੀਂ ਹੁੰਦਾ। ਹਉਮੈਂ ਕਾਰਨ ਉਸ ਰਿਸ਼ਤੇ ਵਿਚ ਗੁੰਝਲਾਂ ਐਨੀਆਂ ਵੱਧ ਜਾਂਦੀਆਂ ਹਨ ਕਿ ਰਿਸ਼ਤੇ ਦੀ ਮਿਠਾਸ ਖ਼ਤਮ/ਭੰਗ ਹੋ ਜਾਂਦੀ ਹੈ ਜਿਸ ਨਾਲ ਰਿਸ਼ਤੇ ਜਿਨਸੀ ਹੋ ਜਾਂਦੇ ਹਨ।

ਹਰ ਮਨੁੱਖੀ ਜੀਵ ਸਾਥ ਦੀ ਭਾਲ ਕਰਦਾ ਹੈ ਅਤੇ ਇਹ ਸਾਥ ਵੇਲੇ ਹੋਰ ਸ਼ਖ਼ਸਾਂ ਨਾਲੋਂ ਪਤਨੀ/ਪ੍ਰੇਮਿਕਾ ਨਾਲ ਜ਼ਿਆਦਾ ਸਮਾਂ ਗੁਜ਼ਾਰਨਾ ਪਸੰਦ ਕਰਦੇ ਹਨ। ਉਸ ਨਾਲ ਹੀ ਦੁੱਖਾਂ ਸੁੱਖਾਂ ਦੀ ਸਾਂਝ ਹੁੰਦੀ ਹੈ ਤੇ ਜਦੋਂ ਉਹ ਇਕ ਦੂਜੇ ਨਾਲ ਆਪਣੇ ਦੁੱਖ ਸੁੱਖ ਸਾਂਝੇ ਕਰਦੇ ਹਨ ਤਾਂ ਦੁੱਖਾਂ ਦਾ ਭਾਰ ਅੱਧਾ ਹੋ ਜਾਂਦਾ ਹੈ। ਭਾਵੇਂ ਮਨੁੱਖੀ ਜੀਵ ਗ਼ਲਤੀਆਂ ਦਾ ਪੁਤਲਾ ਹੁੰਦੇ ਹਨ ਪਰ ਹਰੇਕ ਦਾ ਸੁਭਾਅ ਵੱਖੋ-ਵੱਖਰਾ ਹੁੰਦਾ ਹੈ। ਇਹ ਸੁਭਾਅ ਸਾਡੇ ਸਭਿਆਚਾਰ ਤੇ ਪਰਿਵਰਿਸ਼ 'ਤੇ ਵੀ ਨਿਰਭਰ ਕਰਦਾ ਹੈ। ਜੀਵਨ ਨੂੰ ਸਫ਼ਲ ਤੇ ਸੁਖਾਲਾ ਬਣਾਉਣ ਲਈ ਮਿਹਨਤ ਕਰਨ ਦੀ ਲੋੜ ਹੈ ਪਰ ਇਸ ਦਾ ਫਲ ਤਾਂ ਹੀ ਮਿੱਠਾ ਹੁੰਦਾ ਹੈ ਜੇ ਘਰ ਦੇ ਜੀਅ ਔਰਤ/ਮਰਦ ਇਕ ਦੂਜੇ ਨੂੰ ਪਿਆਰ ਕਰਦੇ ਹਨ। ਨਵਤੇਜ ਭਾਰਤੀ ਦਾ ਕਾਵਿ ਸੰਗ੍ਰਹਿ ਓਥੋਂ ਤੀਕ ਇਸ ਗੱਲ ਦੀ ਗਵਾਹੀ ਹੈ ਕਿ ਇਸ ਵਿਚ ਸਲੀਕੇ, ਨਾਲ ਵਿਚਾਰ ਤੇ ਜਜ਼ਬਾਤਾਂ ਨੂੰ ਇਕ ਦੂਜੇ ਨਾਲ ਸਾਂਝੇ ਕਰਨ ਦੀ ਜਾਂਚ ਸਿਖਾਈ ਹੈ ਜਿਸ 'ਤੇ ਸਮਝਦਾਰੀ, ਪਿਆਰ, ਇੱਜ਼ਤ ਤੇ ਨਿਮਰਤਾ ਵਰਗੇ ਗੁਣਾਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਰੰਗਿਆ ਹੈ। ਮਿਸਾਲ ਦੇ ਤੌਰ 'ਤੇ ਭਾਰਤੀ ਕਾਵਿ ਵਿਚ ਪੇਸ਼ ਹੈ ਮਿਸਾਲ:

ਤੂੰ ਆਖਦੀ ਹੈਂ
ਸੱਠ ਵਰ੍ਹੇ ਹੋ ਗਏ
ਸਬਜੀ ਭਾਜੀ ਬਣਾਉਂਦੀ ਨੂੰ
ਅਜੇ ਵੀ ਲੂਣ ਮਿਰਚਾਂ ਕਦੇ ਘੱਟ
ਕਦੇ ਵੱਧ ਪੈ ਜਾਂਦੀਆਂ ਹਨ
ਤੂੰ ਕਦੇ ਉਜਰ ਨਹੀਂ ਕੀਤਾ
ਤੂੰ ਵੀ ਇਉਂ ਈ ਕਰਦੀ ਐਂ
ਮੈਂ ਕਿਹਾ
ਕਵਿਤਾ ਵਿਚ ਸ਼ਬਦ ਕਿੰਨੇ ਵੀ
ਕੌੜੇ ਕਸੈਲੇ ਵਾਧੂ ਘਾਟੂ ਹੋਣ
ਕਦੇ ਨਹੀਂ ਕਿਹਾ
ਭਲਿਆ ਮਾਣਸਾ ਸਾਰੀ ਲੰਘ ਲਈ
ਕੋਈ ਸਲੋਕ ਤਾਂ ਸਹਿਜ ਭਾਅ ਲਿਖ
ਬਸ ਇਉਂ ਈ ਸਰੀ ਜਾਂਦੈ
ਉਂ ਕਦੇ ਕਦੇ ਮੇਰਾ ਜੀਅ ਕਰਦੈ
ਜਦੋਂ ਤੇਰੀ ਜੀਭ ਸੜੇ
ਤੂੰ ਕੌਲੀ ਵਗਾਹ ਮਾਰੇ
ਤੇ ਤੂੰ ਮੇਰੀ ਕਵਿਤਾ।[12]

ਭਾਰਤੀ ਇਸ ਕਵਿਤਾ ਦੇ ਹਵਾਲੇ ਨਾਲ ਪਤੀ ਪਤਨੀ ਦੇ ਜੀਵਨ ਵਿਹਾਰ ਨੂੰ ਪੇਸ਼ ਕਰਦਾ ਖੱਟੀਆਂ-ਮਿੱਠੀਆਂ ਸਾਂਝਾਂ ਦੀ ਪੇਸ਼ਗੀ ਨਾਲ ਔਰਤ/ਮਰਦ ਸੰਬੰਧਾਂ ਦੇ ਪਿਆਰ ਭਰੇ ਜੀਵਨ ਨੂੰ ਦਰਸਾਉਂਦਾ ਹੈ। ਇਹ ਪਿਆਰ ਵਿਚ ਰੋਮਾਂਟਿਕਤਾ, ਵਿਵਹਾਰ, ਵਿਚਾਰ ਆਦਿ ਨਾਲ ਔਰਤ ਮਰਦ ਦੀ ਨੇੜਤਾ ਤੇ ਵਚਨ-ਬੱਧਤਾ ਨੂੰ ਵਿਕਸਿਤ ਕਰਦਾ ਹੈ।

ਸਮਕਾਲੀ ਕਾਵਿ ਵਿਚ ਪਿਆਰ ਦਾ ਇਕ ਇਹ ਪੱਖ ਵੀ ਹੈ ਜਿਸ ਵਿਚ ਔਰਤ/ਮਰਦ ਦੇ ਆਦਰਸ਼ ਪਿਆਰ ਸੰਬੰਧਾਂ ਦੀ ਬੁਨਿਆਦ ਹੈ। ਦੁਨੀਆਂ ਦਾ ਸਰਵ-ਉੱਤਮ ਰਿਸ਼ਤਾ ਔਰਤ/ਮਰਦ ਦਾ ਹੈ। ਲੌਕਿਕ ਅਤੇ ਆਲੌਕਿਕ ਪੱਧਰ 'ਤੇ ਵੀ

ਇਸ ਰਿਸ਼ਤੇ ਨੂੰ ਆਦਰਸ਼ ਰਿਸ਼ਤਾ ਮੰਨਿਆ ਗਿਆ ਹੈ। ਦੁਨਿਆਵੀ ਇਸ਼ਕ ਅਤੇ ਅਧਿਆਤਮਕ ਇਸ਼ਕ ਦੋਵੇਂ ਆਦਰਸ਼ ਸੰਬੰਧਾਂ ਦੀ ਸਿਰਜਣਾ ਕਰਦੇ ਹਨ, ਭਾਵ ਹੈ ਕਿ ਇਸ਼ਕ ਮਜਾਜੀ ਅਤੇ ਇਸ਼ਕ ਹਕੀਕੀ ਮਨੁੱਖੀ ਜੀਵਨ ਦੇ ਅਜਿਹੇ ਆਦਰਸ਼ ਹਨ ਜੋ ਪਹਿਲਾਂ ਇਨਸਾਨ ਨੂੰ ਇਨਸਾਨ ਦੇ ਨਾਲ ਜੋੜਦੇ ਹਨ ਇਸ ਤਰ੍ਹਾਂ ਸਮਕਾਲੀ ਕਵੀ ਮਨਮੋਹਨ ਪਿਆਰ ਦੀ ਮਹੱਤਤਾ ਔਰਤ/ਮਰਦ ਦੇ ਰੂਪ ਜਾਂ ਪ੍ਰੇਮੀ-ਪ੍ਰੇਮਿਕਾ ਦੇ ਅੰਦਰਲੇ ਅੰਤਰ-ਸੰਬੰਧਾਂ ਨੂੰ ਆਦਰਸ਼ ਸੰਬੰਧਾਂ ਵਜੋਂ ਸਥਾਪਿਤ ਕਰਨ ਦਾ ਇਸ਼ਾਰਾ ਵੀ ਕਰਦਾ ਹੈ:

ਭਿੱਜਣ ਦੇ ਪੰਖੀ
ਪਾਣੀ ਤੇ ਤਲ 'ਤੇ
ਪੰਖ ਛੰਡਣ
ਜਲ ਕਣਾਂ ਨਾਲ ਧੁੱਪ 'ਚ
ਪਈ ਸਤਰੰਗੀ ਪੀਂਘ
ਵਿਚੋਂ ਝਲਕੇ ਤੇਰਾ ਮੁੱਖ।[13]
---
ਹਰ ਸ਼ਾਮ ਉਤਰਦੈ
ਹਲਕਾ ਜਿਹਾ ਬੁਖ਼ਾਰ
ਮੈਂ ਤੇਰਾ ਬੀਮਾਰ।[14]

'ਜਲ ਕਣਾਂ', 'ਧੁੱਪ', 'ਸਤਰੰਗੀ ਪੀਂਘ', ਵਿਚੋਂ ਮੁੱਖ ਦਾ ਤੱਕਣਾ ਅਤੇ ਔਰਤ/ਮਰਦ ਸੰਬੰਧਾਂ ਵਿਚ ਬੁਖ਼ਾਰ, ਬੀਮਾਰ, ਪ੍ਰੀਤਮ, ਪਿਆਰੇ ਜਾਂ ਪ੍ਰੇਮਿਕਾ ਪਤਨੀ ਦੇ ਹਵਾਲੇ ਨਾਲ ਪੇਸ਼ ਕਰਦਾ ਕਵੀ ਇਹ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਇਹ ਪਿਆਰ ਦੇ ਔਰਤ ਮਰਦ ਸੰਬੰਧ ਦੁਨੀਆਂ ਦੇ ਪਵਿੱਤਰ ਰਿਸ਼ਤਿਆਂ ਵਿਚ ਇਕ ਹੈ। ਪ੍ਰੇਮੀ/ਪ੍ਰੇਮਿਕਾ ਜਾਂ ਇਹ ਕਹਿ ਸਕਦੇ ਹਾਂ ਕਿ ਔਰਤ ਮਰਦ ਦੇ ਪਿਆਰ ਸੰਬੰਧ ਬਹੁਤ ਮਜ਼ਬੂਤ ਹੁੰਦੇ ਹਨ।

ਸਮਕਾਲੀ ਪੰਜਾਬੀ ਕਾਵਿ ਵਿਚ ਇਨ੍ਹਾਂ ਪਿਆਰ ਸੰਬੰਧਾਂ ਨੂੰ ਪਰਖਣ ਦੀ ਆਪਣੀ ਕਸਵੱਟੀ ਹੈ ਤੇ ਸਵੀ ਦੀ ਦ੍ਰਿਸ਼ਟੀ ਵਿਚ ਮਨੁੱਖੀ ਮਨ ਅੰਦਰਲੀਆਂ ਸੰਵੇਦਨਾਵਾਂ ਪਿਆਰ, ਮੋਹ ਨੂੰ ਜਦੋਂ ਉਹ ਸੱਤਾ ਦੇ ਮੋਹ ਨਾਲ ਕਿਸੇ ਵੀ ਮਨੁੱਖ ਦੇ ਮਨ ਅੰਦਰਲੇ ਪਿਆਰ, ਮੁਹੱਬਤ ਤੇ ਅਹਿਸਾਸ ਕੇਵਲ ਤੇ ਕੇਵਲ ਦੇਹਵਾਦ ਅਤੇ ਕਬਜ਼ਾਮਈ ਭਾਵਨਾ ਵਿਚ ਤਬਦੀਲ ਹੋ ਜਾਵਣ ਤਾਂ ਕਵੀ ਲਈ ਅਜਿਹੇ ਵਰਤਾਰੇ ਬਹੁਤ ਨਿੰਦਣਯੋਗ ਵੀ ਬਣਦੇ ਹਨ। ਅਜਿਹੇ ਸੱਤਾਧਾਰੀ ਵਰਤਾਰਿਆਂ ਨੂੰ ਕਵੀ ਸਿਰੇ ਤੋਂ ਖ਼ਾਰਜ ਵੀ ਕਰਦਾ ਹੈ ਤੇ ਸੱਚੇ ਪਿਆਰ ਦੀ ਹਮਾਇਤ ਵੀ ਕਰਦਾ ਹੈ। ਉਹ ਆਪਣੀ ਰਚਨਾ ਪ੍ਰਕ੍ਰਿਆ ਵਿਚ ਪਿਆਰ ਦੇ ਪਲਾਂ ਨੂੰ ਦੋਵੇਂ ਧਿਰਾਂ ਦੇ ਮੋਹ ਦੀਆਂ ਤੰਦਾਂ ਵਿਚ ਪਰੋ ਕੇ ਪੇਸ਼ ਕਰਦਾ ਹੈ:

ਬੱਸ
ਹੋਰ ਨਹੀਂ ਹੱਕ
ਮੇਰੀਆਂ ਅੱਖਾਂ 'ਚ ਦੇਖਣ ਦਾ ਤੈਨੂੰ
ਜੇ ਬਾਤ ਨਹੀਂ ਸੁਣਨੀ ਇਨ੍ਹਾਂ ਦੀ…
ਤੂੰ ਉਹੀ ਦੇਖਦੈਂ
ਜੋ ਸੋਚ ਰੱਖਿਆ ਪਹਿਲਾਂ ਹੀ
ਜਾਂ ਚਾਹੁੰਦਾ ਜੋ ਮਨ
ਤੂੰ ਇੰਜ ਕਰਦੈਂ
ਜਿਵੇਂ ਮੈਂ ਖਿਡਾਉਣਾ ਹੋਵਾਂ-ਬੇਜਾਨ
ਨਹੀਂ ਛੁਹਣ ਦੇਣੇ ਮੈਂ ਬੁੱਲ੍ਹ
ਜਿੱਥੇ ਸੌਂਦੀਆਂ ਜੰਗਲੀ ਹਵਾਵਾਂ
ਚੁੰਮਨ ਤੋਂ ਬਾਅਦ
ਤੇਰੀ ਜੇਤੂ ਮੁਸਕਾਨ
ਮੇਰੀ ਮੁਹੱਬਤ ਦੇ
ਸਾਰੇ ਰੰਗ
ਉਦਾਸ ਕਰ ਦਿੰਦੀ…
ਜਿਵੇਂ ਮੈਂ
ਕੋਈ ਜਿੱਤੀ ਹੋਈ ਸ਼ੈ ਹੋਵਾਂ।[15]

ਇੱਥੇ ਕਵੀ ਇਹ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਮਰਦ ਹੋਂਦ ਦਾ ਔਰਤ ਹੋਂਦ ਦੇ ਭਾਰੀਪਣ ਬਣਦੀ ਹੈ। ਔਰਤ ਵਿਰੋਧ ਵੀ ਕਰਦੀ ਹੋਈ ਵਿਖਾਈ ਦਿੰਦੀ ਹੈ। ਕਵੀ ਅਨੁਸਾਰ ਅਗਰ ਇਕ ਧਿਰ ਦੇ ਅਹਿਸਾਸਾਂ ਨੂੰ ਦੂਜੀ ਧਿਰ ਨਾ ਸਮਝੇ ਤਾਂ ਪਿਆਰ ਭੰਗ ਹੋ ਜਾਂਦਾ ਹੈ, ਭਾਵ ਪਿਆਰ ਵਿਚ ਖੋਟ ਪੈਦਾ ਹੋ ਜਾਂਦੀ ਹੈ। ਮਰਦ ਦਾ ਔਰਤ ਨੂੰ ਜਿੱਤੀ ਹੋਈ ਵਸਤ ਸਮਝਣਾ ਤੇ ਔਰਤ ਦਾ ਆਪਣੇ ਸਨਮਾਨ ਦੀ ਰਾਖੀ ਕਰਨ ਲਈ ਇਸ ਪਿਆਰ ਨੂੰ ਪੇਸ਼ ਕਰਨਾ ਕਵੀ ਦਾ ਉਦੇਸ਼ ਸੰਸਾਰ ਵਿਚ ਔਰਤ/ਮਰਦ ਪਿਆਰ ਦੇ ਸੁੱਚੇਪਣ ਦੇ ਦਰਸ਼ਨ ਦਰਵਾਉਣਾ ਹੈ।

ਨਵਤੇਜ ਭਾਰਤੀ ਮਨੁੱਖੀ ਰਿਸ਼ਤਿਆਂ ਦੇ ਨਿੱਘ ਪਿਆਰ, ਮੁਹੱਬਤ, ਮੋਹ ਆਦਿ ਵਾਲੇ ਸਾਰਥਕ ਪੱਖਾਂ ਨੂੰ ਖਪਤਵਾਦੀ ਵਿਚਾਰਾਂ ਤੋਂ ਕੋਸਾਂ ਦੂਰ ਰੱਖਣ ਦੀ ਕੋਸ਼ਿਸ਼ ਕਰਦਾ ਜਾਪਦਾ ਹੈ। ਕਵੀ ਅਨੁਸਾਰ ਰਿਸ਼ਤਾ ਸਿਰਫ਼ ਪਿਆਰ ਦਾ ਨਹੀਂ ਸਗੋਂ ਆਪਣੀ ਤਾਕਤ ਦਾ ਵੀ ਵਸੀਲਾ ਬਣਦਾ ਹੈ ਅਤੇ ਉਹ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਦੂਜੇ ਦੇ ਭਾਵੁਕ ਸੰਸਾਰ ਤੋਂ ਨਿਰਲੇਪ ਹੋ ਕੇ ਰਿਸ਼ਤੇ ਨਹੀਂ ਨਿਭਦੇ:

ਮਸ਼ੀਨਾਂ 'ਚ ਕੰਮ ਕਰਦਾ ਕਰਦਾ
ਮੈਂ ਮਸ਼ੀਨ ਜਿਹਾ ਬਣ ਗਿਆ ਹਾਂ
ਮੇਰੇ ਹੱਥ ਪੈਰ ਮੇਰੇ ਵੱਸ ਵਿਚ ਨਹੀਂ ਰਹੇ
ਇਹ ਕਿਸੇ ਰੋਬੋਟ ਵਾਂਗ ਚਲਦੇ ਹਨ
ਮੈਂ ਰੋਬੋਟ ਵਾਂਗ ਉਠਦਾ ਬੈਠਦਾ
ਤੁਰਦਾ ਫਿਰਦਾ ਬੋਲਦਾ ਸੋਚਦਾ ਹਾਂ

ਮੇਰੀਆਂ ਅੱਖਾਂ ਵਿਚ ਉਦਾਸੀ ਤੋਂ ਸੱਖਣਾ
ਅੱਥਰੂ ਆਉਂਦਾ ਹੈ ਤੇ
ਖ਼ੁਸ਼ੀ ਤੋਂ ਸੱਖਣੀ ਮੁਸਕ੍ਰਾਹਟ।[16]
---
ਮੈਨੂੰ ਵਿਹਲ ਨਹੀਂ
ਸਵੇਰ ਅਤੇ ਸ਼ਾਮ ਦੇ ਰੰਗ ਵੇਖਣ ਦੀ
ਵਗਦੇ ਦਰਿਆ ਵਿਚ ਪੈਰ ਲਟਕਾਉਣ ਦੀ
ਖਿੜਦੇ ਫੁੱਲ ਦਾ ਕ੍ਰਿਸ਼ਮਾ ਵੇਖਣ ਦੀ।[17]

ਮਨੁੱਖ ਦਾ ਸਮਾਜਿਕ ਜੀਵ ਹੋਣ ਕਰਕੇ ਇੱਕ ਦਾ ਦੂਜੇ ਦੇ ਪ੍ਰਤੀ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ। ਇਹ ਭਾਵ ਅਜੋਕੇ ਪੂੰਜੀਵਾਦੀ ਜਾਂ ਉਪਭੋਗਤਾਵਾਦੀ ਸਮੇਂ ਵਿਚ ਹੋਰ ਵੀ ਸਾਰਥਕ ਹੁੰਦੇ ਜਾਪਦੇ ਹਨ ਜਦੋਂ ਮਾਨਵੀ ਰਿਸ਼ਤੇ ਆਪਣੀਆਂ ਮੂਲ ਸੰਵੇਦਨਾਵਾਂ ਨੂੰ ਥੋੜ੍ਹਾ-ਥੋੜ੍ਹਾ ਕਰਕੇ ਗਵਾ ਰਹੇ ਹਨ ਜਾਂ ਅੱਖੋਂ ਪਰੋਖੇ ਕਰ ਰਹੇ ਹਨ। ਭਾਰਤੀ ਸਾਨੂੰ ਸਪੇਸ ਦਿੰਦਾ ਹੈ। ਉਹ ਸਾਰੀ ਸਥਿਤੀ ਨੂੰ ਤਰਕਮਈ ਹਵਾਲੇ ਨਾਲ ਪੇਸ਼ ਕਰਦਾ ਉਹ ਇਸ ਗੱਲ ਦਾ ਧਾਰਨੀ ਵੀ ਬਣਦਾ ਹੈ ਕਿ ਸਿਰਾਂ ਉੱਤੇ ਪਦਾਰਥਕ ਸੁੱਖ ਚੁੱਕਣ ਨਾਲ ਕੁੱਝ ਨਹੀਂ ਹੁੰਦਾ ਸਗੋਂ ਸਾਨੂੰ ਚੰਗੀ ਜੀਵਨ ਸ਼ੈਲੀ ਲਈ ਪਿਆਰ, ਮੋਹ ਦੇ ਨਿੱਘੇ ਹੱਥਾਂ ਦੀ ਲੋੜ ਮਹਿਸੂਸ ਕਰਨੀ ਚਾਹੀਦੀ ਹੈ, ਨਹੀਂ ਤਾਂ ਮਨੁੱਖ ਮਸ਼ੀਨੀ ਦੌੜ ਪਿੱਛੇ ਭੱਜ ਮਸ਼ੀਨ ਦਾ ਪੁਰਜਾ ਬਣ ਕੇ ਹੀ ਰਹਿ ਜਾਵੇਗਾ। ਉਸਦਾ ਸੋਚਣ ਢੰਗ ਤੇ ਉਸਦੀ ਕਾਮਨਾ, ਅਹਿਸਾਸ, ਭਾਵ ਆਦਿ ਸਭ ਸਖਣੀਆਂ ਹੁੰਦੀਆਂ-ਹੁੰਦੀਆਂ ਉਹ ਆਪ ਵੀ ਸੱਖਣਾ ਹੋ ਜਾਵੇਗਾ।

ਸੋ ਅੰਤ ਵਿਚ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਪਿਆਰ ਦੀ ਕਹਾਣੀ ਬੜੀ ਪ੍ਰਾਚੀਨ ਹੈ ਪਰ ਇਹ ਹਰ ਮਨੁੱਖ ਲਈ ਸਦਾ ਤਰੋ-ਤਾਜ਼ਾ ਰਹਿੰਦੀ ਹੈ। ਦੁਨੀਆ ਦੇ ਵਿਚ ਅਣ-ਗਿਣਤ ਲੋਕ ਮੁਹੱਬਤ ਕਰਦੇ ਹਨ, ਜ਼ਿੰਦਗੀ ਭਰ ਸਾਥ ਨਿਭਾਉਣ ਦੀਆਂ ਕਸਮਾਂ ਖਾਈਆਂ ਜਾਂਦੀਆਂ ਹਨ, ਪਰ ਕਿੱਸੇ ਕਹਾਣੀਆਂ ਤਾਂ ਉਨ੍ਹਾਂ ਜੀਵਾਂ ਦੇ ਪਿਆਰ ਦੀਆਂ ਬਣਦੀਆਂ ਹਨ ਜਿਹੜੇ ਇਕ-ਦੂਜੇ ਦੀਆਂ ਆਤਮਾ ਦੇ ਨਾਲ ਪਿਆਰ ਕਰਦੇ ਅਤੇ ਜੋ ਆਪਣੇ ਸਵੈ ਨੂੰ ਗੁਆ ਕੇ ਪਰ ਲਈ ਕੁਰਬਾਨ ਹੁੰਦੇ ਹਨ। ਉਹ ਪਿਆਰ ਨੂੰ ਕਬਜ਼ਾ ਨਹੀਂ ਸਗੋਂ ਪਛਾਣ ਬਣਾ ਕੇ ਆਪਣੀ ਜ਼ਿੰਦਗੀ ਜਿਉਂਦੇ ਹਨ। ਇੱਥੇ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਸਮਕਾਲੀ ਪੰਜਾਬੀ ਕਵੀ ਨਵਤੇਜ ਭਾਰਤੀ ਪਿਆਰ ਨੂੰ ਵਿਹਾਰਕ ਰੂਪ ਰਾਹੀਂ ਔਰਤ ਮਰਦ ਦੇ ਸੰਬੰਧਾਂ ਦੀ ਵਿਆਖਿਆ ਕਰਦਾ ਹੈ। ਜਸਵੰਤ ਦੀਦ ਔਰਤ ਮਰਦ ਸੰਬੰਧਾਂ ਨੂੰ ਅਹਿਸਾਸ ਦੀ ਪੱਧਰ ਤੱਕ ਪਹਿਚਾਣ ਦਵਾਉਂਦਾ ਹੈ। ਸਵਰਨਜੀਤ ਸਵੀ ਔਰਤ ਮਰਦ ਸੰਬੰਧਾਂ ਦਾ ਜਿਨਸੀ ਵਿਆਕਰਣ ਸਿਰਜ ਕੇ ਔਰਤ ਹੱਕ ਵਿਚ ਖੜ੍ਹਦਾ ਹੈ ਅਤੇ ਮਨਮੋਹਨ ਔਰਤ ਮਰਦ ਦੇ ਪਿਆਰ ਰਿਸ਼ਤੇ ਦੀ ਡੋਰ ਮਜ਼ਬੂਤ ਕਰਨਾ ਲੋਚਦਾ ਹੈ। ਸੋ ਇਹ ਸਿੱਟਾ ਨਿਕਲਦਾ ਹੈ ਕਿ ਇਹ ਸਮਕਾਲੀ ਕਵੀ ਆਪੋ-ਆਪਣੇ ਢੰਗ, ਸ਼ੈਲੀ ਨਾਲ ਔਰਤ ਮਰਦ ਸੰਬੰਧਾਂ ਦਾ ਵਿਆਕਰਣ ਸਿਰਜਦੇ ਹਨ।

**ਹਵਾਲੇ:**


1. ਵਨੀਤਾ (ਸੰਪਾ.), ਪੰਜਾਬੀ ਪਿਆਰ ਕਵਿਤਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 11.
2. ਜਸਵੰਤ ਦੀਦ, ਘੁੰਡੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1986, ਪੰਨਾ 109.
3. ਉਹੀ, ਅਚਨਚੇਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1990, ਪੰਨਾ 30.
4. ਨਵਤੇਜ ਭਾਰਤੀ, ਓਥੋਂ ਤੀਕ, ਗਰੇਸ਼ੀਅਸ ਬੁੱਕਸ, ਪਟਿਆਲਾ, 2016, ਪੰਨਾ 56.
5. ਸਵਰਨਜੀਤ ਸਵੀ, ਦੇਹੀਨਾਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਦੂਜੀ ਵਾਰ, 2012, ਪੰਨਾ 51.
6. ਉਹੀ, ਪੰਨੇ 51-53.
7. ਉਹੀ, ਕਾਮੇਸ਼ਵਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਦੂਜੀ ਵਾਰ, 2012, ਪੰਨਾ 42.
8. ਨਵਤੇਜ ਭਾਰਤੀ, ਲੀਲ੍ਹਾ, ਰੇਨਬਰਡ ਪ੍ਰੈਸ, ਵੈਨਕੂਵਰ, ਲੰਡਨ, 1999, ਪੰਨਾ 239.
9. ਉਹੀ, ਪੰਨਾ 163.
10. 10. ਮਨਮੋਹਨ, ਨਮਿਤ, ਕੁਕਨਸ ਪ੍ਰਕਾਂਨ, ਜਲੰਧਰ, 2001, ਪੰਨੇ 28-29.
11. ਉਹੀ, ਦੂਜੇ ਸ਼ਬਦਾਂ 'ਚ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010, ਪੰਨਾ 73.
12. ਨਵਤੇਜ ਭਾਰਤੀ, ਓਥੋਂ ਤੀਕ, ਪੰਨਾ 53.
13. ਮਨਮੋਹਨ, ਦੂਜੇ ਸ਼ਬਦਾਂ 'ਚ, ਪੰਨਾ 92.
14. ਉਹੀ, ਸੁਰ ਸੰਕੇਤ, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ, 1998, ਪੰਨਾ 50.
15. ਸਵਰਨਜੀਤ ਸਵੀ, ਉਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018, ਪੰਨਾ 41.
16. ਨਵਤੇਜ ਭਾਰਤੀ, ਲੀਲ੍ਹਾ, ਪੰਨਾ 596.
17. ਉਹੀ, ਪੰਨਾ 218.


---